Vigilance Bureau, Punjab

**Vigilance Bureau distributes face shields to health workers, police personnel**

Chandigarh, April 25: In a battle against Covid-19 pandemic outbreak in the state, Punjab Vigilance Bureau (VB) today distributed face shields for protection of frontline health workers deployed in PHC Dhakoli, Zirakpur and Civil Hospital Phase-6 S.A.S Nagar along with Police personnel deployed at various nakas in Zirakpur.

Disclosing this here today, spokesperson of the Vigilance Bureau said on the directions of Chief Director-cum ADGP Vigilance Bureau B.K. Uppal, different teams from flying squad have already been formed to monitor the problems being faced by the police personnel and health employees and steps have been taken to resolve their grievances. In this regard, these teams were also providing ration and essential items to the needy persons.

He further informed that a team of VB flying squad-1 led by AIG Ashish Kapoor today distributed face shields to the front line employees of the primary health centre (PHC) Dhakoli, Zirakpur and civil hospital Phase-6, S.A.S Nagar to protect them from any kind of virus attack. Besides this, VB team have also distributed face shields to police personnel at various nakas in Zirakpur hotspot areas.

He encouraged the health workers as well as police personnel and told them to work hard while keeping themselves safe. He said the Bureau would always be at your disposal if you face any difficulty while performing your duty.

He added that VB team have already distributed such face shields to frontline health workers in civil surgeon office at S.A.S Nagar and PHC Nayagaon.

Among others present at various places included DSP Gurvinder Pal Singh, DSP Harbakshish Singh, DSP Raman Deep Singh Bhullar, Inspector Sukhminder Singh, ASI Palvinder Singh, Senior Medical Officer Dr. Omi Chatrath, SMO Dr. Areet Kaur, Medical officer Dr. Mehtab Singh, Dr. Harleen Kaur, Dr. Baljit Kaur and other health workers.



Vigilance Bureau AIG Ashish Kapoor handing over face shields to police officials and health workers at Primary Health centres

------------

ਵਿਜੀਲੈਂਸ ਬਿਊਰੋ, ਪੰਜਾਬ

**ਵਿਜੀਲੈਂਸ ਬਿਊਰੋ ਨੇ ਸਿਹਤ ਕਰਮਚਾਰੀਆਂ ਤੇ ਪੁਲਿਸ ਮੁਲਾਜ਼ਮਾਂ ਨੂੰ ਫੇਸ ਸ਼ੀਲਡਾਂ ਵੰਡੀਆਂ**

ਚੰਡੀਗੜ੍ਹ, 25 ਅਪ੍ਰੈਲ: ਸੂਬੇ ਵਿੱਚ ਕੋਵਿਡ -19 ਦੇ ਪ੍ਰਕੋਪ ਵਿਰੁੱਧ ਜੰਗ ਦੌਰਾਨ, ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਮੁੱਢਲਾ ਸਿਹਤ ਕੇਂਦਰ (ਪੀਐਚਸੀ) ਢਕੋਲੀ, ਜ਼ੀਰਕਪੁਰ ਅਤੇ ਸਿਵਲ ਹਸਪਤਾਲ ਫੇਜ਼ - 6, ਐਸਏਐਸ ਨਗਰ ਵਿੱਚ ਮੋਹਰਲੀ ਕਤਾਰ ‘ਤੇ ਤਾਇਨਾਤ ਸਿਹਤ ਕਰਮਚਾਰੀਆਂ ਦੇ ਨਾਲ-ਨਾਲ ਜ਼ੀਰਕਪੁਰ ਦੇ ਵੱਖ-ਵੱਖ ਨਾਕਿਆਂ ‘ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਦੀ ਸੁਰੱਖਿਆ ਲਈ ਫੇਸ ਸ਼ੀਲਡ ਵੰਡੇ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਡਾਇਰੈਕਟਰ-ਕਮ ਏਡੀਜੀਪੀ ਵਿਜੀਲੈਂਸ ਬਿਊਰੋ ਬੀ.ਕੇ. ਉੱਪਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਮੁਲਾਜ਼ਮਾਂ ਅਤੇ ਸਿਹਤ ਕਰਮਚਾਰੀਆਂ ਨੂੰ ਕਰੋਨਾ ਵਾਇਰਸ ਤੋਂ ਦਰਪੇਸ਼ ਮੁਸ਼ਕਲਾਂ ਦੀ ਚੌਕਸੀ ਲਈ ਉਡਣ ਦਸਤੇ ਦੀਆਂ ਵੱਖੋ ਵੱਖਰੀਆਂ ਟੀਮਾਂ ਪਹਿਲਾਂ ਹੀ ਗਠਿਤ ਕੀਤੀਆਂ ਹੋਈਆਂ ਹਨ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਕਦਮ ਚੁੱਕੇ ਗਏ ਹਨ। ਇਸ ਸਬੰਧ ਵਿਚ ਇਹ ਟੀਮਾਂ ਲੋੜਵੰਦ ਵਿਅਕਤੀਆਂ ਨੂੰ ਰਾਸ਼ਨ ਅਤੇ ਜ਼ਰੂਰੀ ਵਸਤਾਂ ਵੀ ਪ੍ਰਦਾਨ ਕਰ ਰਹੀਆਂ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਏ.ਆਈ.ਜੀ. ਅਸ਼ੀਸ਼ ਕਪੂਰ ਦੀ ਅਗਵਾਈ ਵਾਲੀ ਵਿਜੀਲੈਂਸ ਦੇ ਉਡਣ ਦਸਤੇ -1 ਦੀ ਟੀਮ ਨੇ ਅੱਜ ਪੀ.ਐੱਚ.ਸੀ. ਢਕੋਲੀ, ਜ਼ੀਰਕਪੁਰ ਅਤੇ ਸਿਵਲ ਹਸਪਤਾਲ ਫੇਜ਼ -6 ਐਸ.ਏ.ਐਸ. ਨਗਰ ਦੇ ਮੋਹਰਲੀ ਕਤਾਰ ਦੇ ਕਰਮਚਾਰੀਆਂ ਨੂੰ ਫੇਸ ਸ਼ੀਲਡਾਂ ਵੰਡੀਆਂ। ਇਸ ਤੋਂ ਇਲਾਵਾ ਕਿਸੇ ਵੀ ਕਿਸਮ ਦੇ ਵਾਇਰਸ ਦੇ ਖ਼ਤਰੇ ਤੋਂ ਬਚਾਅ ਲਈ ਵਿਜੀਲੈਂਸ ਟੀਮ ਨੇ ਜ਼ੀਰਕਪੁਰ ਦੇ ਕਰੋਨਾ ਤੋਂ ਪ੍ਰਭਾਵਿਤ ਖੇਤਰਾਂ ਵਿੱਚ ਵੱਖ-ਵੱਖ ਨਾਕਿਆਂ ਉਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਫੇਸ ਸ਼ੀਲਡਾਂ ਵੀ ਵੰਡੀਆਂ।

ਉਨ੍ਹਾਂ ਸਿਹਤ ਕਰਮਚਾਰੀਆਂ ਦੇ ਨਾਲ-ਨਾਲ ਪੁਲਿਸ ਮੁਲਾਜ਼ਮਾਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਸੁਰੱਖਿਅਤ ਰੱਖਦੇ ਹੋਏ ਤਨਦੇਹੀ ਨਾਲ ਡਿਊਟੀ ਨਿਭਉਣ ਅਤੇ ਜੇਕਰ ਉਨਾਂ ਨੂੰ ਡਿਊਟੀ ਨਿਭਾਉਣ ਦੌਰਾਨ ਕਿਸੇ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਬਿਊਰੋ ਹਮੇਸ਼ਾਂ ਉਨਾਂ ਦਾ ਧਿਆਨ ਰੱਖੇਗਾ ।

ਉਨ੍ਹਾਂ ਅੱਗੇ ਕਿਹਾ ਕਿ ਵਿਜੀਲੈਂਸ ਦੀ ਟੀਮ ਪਹਿਲਾਂ ਹੀ ਐੱਸ.ਏ.ਐੱਸ. ਨਗਰ ਅਤੇ ਪੀ.ਐੱਚ.ਸੀ. ਨਯਾਗਾਓਂ ਦੇ ਹਸਪਤਾਲ ਵਿੱਚ ਸਿਹਤ ਕਰਮਚਾਰੀਆਂ ਨੂੰ ਅਜਿਹੀਆਂ ਫੇਸ ਸ਼ੀਲਡਾਂ ਵੰਡੀਆਂ ਗਈਆਂ ਹਨ।

ਇਸ ਮੌਕੇ ਵੱਖ-ਵੱਖ ਥਾਵਾਂ ‘ਤੇ ਮੌਜੂਦ ਹੋਰਨਾਂ ਵਿਚ ਡੀਐਸਪੀ ਗੁਰਵਿੰਦਰ ਪਾਲ ਸਿੰਘ, ਡੀਐਸਪੀ ਹਰਬਖਸ਼ੀਸ਼ ਸਿੰਘ, ਡੀਐਸਪੀ ਰਮਨਦੀਪ ਸਿੰਘ ਭੁੱਲਰ, ਇੰਸਪੈਕਟਰ ਸੁਖਮਿੰਦਰ ਸਿੰਘ, ਏਐਸਆਈ ਪਲਵਿੰਦਰ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਡਾ. ਓਮੀ ਚਤਰਥ, ਐਸਐਮਓ ਡਾ. ਅਰੀਤ ਕੌਰ, ਮੈਡੀਕਲ ਅਫ਼ਸਰ ਡਾ. ਮਹਿਤਾਬ ਸਿੰਘ, ਡਾ: ਹਰਲੀਨ ਕੌਰ, ਡਾ. ਬਲਜੀਤ ਕੌਰ ਅਤੇ ਹੋਰ ਸਿਹਤ ਕਰਮਚਾਰੀ ਸ਼ਾਮਲ ਸਨ।




ਵਿਜੀਲੈਂਸ ਬਿਊਰੋ ਦੇ ਏਆਈਜੀ ਅਸ਼ੀਸ਼ ਕਪੂਰ  ਸਿਹਤ ਅਤੇ ਪੁਲਿਸ ਵਿਭਾਗ ਦੇ ਕਰਮਚਾਰੀਆਂ ਨੂੰ ਫੇਸ ਸ਼ੀਲਡਾਂ ਵੰਡਦੇ ਹੋਏ।

---------